# Press Note

JAGAT GURU NANAK DEV PUNJAB STATE OPEN UNIVERSITY, PATIALA
(Established by Act No.19 of 2019 of Legislature of the State of Punjab)

**PSOU/PRC/2025/144** **27 ਫਰਵਰੀ 2025**

## ਓਪਨ ਯੂਨੀਵਰਸਿਟੀ ਵੱਲੋਂ ਸਿੱਖਿਆ ਦਾਤ ਸਕੀਮ ਤਹਿਤ ਜੇਲ ਪ੍ਰਸ਼ਾਸਨ ਨਾਲ ਮੀਟਿੰਗ

**27 ਫਰਵਰੀ 2025**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਮਾਣਯੋਗ ਵਾਈਸ ਚਾਂਸਲਰ ਸ੍ਰੀ ਕੇ. ਕੇ. ਯਾਦਵ (ਆਈ.ਏ.ਐਸ) ਦੀ ਅਗਵਾਈ ਹੇਠ 27 ਫ਼ਰਵਰੀ 2025 ਨੂੰ ਸ੍ਰੀ ਅਰੁਨ ਪਾਲ ਸਿੰਘ (ਆਈ.ਪੀ.ਐਸ) ਅਡੀਸ਼ਨਲ ਡਾਇਰੈਕਟਰ ਜਨਰਲ (ਜੇਲ੍ਹਾਂ), ਪੰਜਾਬ ਅਤੇ ਸ੍ਰੀ ਸੁਰਿੰਦਰ ਸਿੰਘ ਸੈਣੀ ਡੀ.ਆਈ.ਜੀ ਜੇਲ੍ਹਾਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦਾ ਮਕਸਦ ਜੇਲ੍ਹ ਕੈਦੀਆਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨਾ ਹੈ। ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, ਰਜਿਸਟਰਾਰ ਨੇ ਕਿਹਾ ਕਿ ਯੂਨੀਵਰਸਿਟੀ ਜੇਲ੍ਹ ਕੈਦੀਆਂ ਲਈ ਸਿੱਖਿਆ ਦਾਤ ਸਕੀਮ ਦੇ ਤਹਿਤ ਹੁਨਰ ਵਿਕਾਸ, ਰੁਜ਼ਗਾਰ ਮੁਖੀ ਅਤੇ ਨੈਤਿਕ ਸਿੱਖਿਆ ਮੁਹੱਈਆ ਕਰਵਾਉਂਦੀ ਹੈ। ਸਿੱਖਿਆ ਦਾਤ ਸਕੀਮ ਪ੍ਰੋ. (ਡਾ.) ਕਰਮਜੀਤ ਸਿੰਘ, ਫਾਊਂਡਰ ਵਾਈਸ ਚਾਂਸਲਰ ਵੱਲੋਂ ਸ਼ੁਰੂ ਕੀਤਾ ਗਈ, ਜਿਸਦਾ ਉਦੇਸ਼ ਕੈਦੀਆਂ ਨੂੰ ਵਿਦਿਆ ਦੁਆਰਾ ਇੱਕ ਵਧੀਆ ਭਵਿੱਖ ਪ੍ਰਦਾਨ ਕਰਨਾ ਹੈ।

ਡਾ. ਧਰਮਿੰਦਰ ਸਿੰਘ, ਨੋਡਲ ਅਫ਼ਸਰ ਨੇ ਯੂਨੀਵਰਸਿਟੀ ਵਿੱਚ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਯੂਨੀਵਰਸਿਟੀ ਵਿੱਚ ਚੱਲ ਰਹੇ ਪੋਸਟ-ਗ੍ਰੈਜੂਏਟ, ਅੰਡਰ-ਗ੍ਰੈਜੂਏਟ, ਡਿਪਲੋਮਾ ਅਤੇ ਸਰਟੀਫਿਕੇਟ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਤਕਨਾਲੋਜੀ ਰਾਹੀਂ ਹੁਨਰ ਵਿਕਸਤ, ਰੋਜ਼ਗਾਰ ਕੇਂਦਰਤ ਸਿੱਖਿਆ , ਨੈਤਿਕ ਸੰਕਲਪਾਂ ਰਾਹੀਂ ਸਿਹਤਮੰਦ ਸਖਸ਼ੀਅਤ ਪੈਦਾ ਕਰਨਾ ਯੂਨੀਵਰਸਿਟੀ ਦਾ ਮੁੱਖ ਉਦੇਸ਼ ਹੈ। ਡਾ. ਸੈਫਾਲੀ ਬੇਦੀ ਨੇ ਜੇਲ੍ਹਾਂ ਵਿੱਚ ਬੰਦ ਔਰਤਾਂ ਦੀਆਂ ਸਮੱਸਿਆਂਵਾਂ ਅਤੇ ਪੜ੍ਹਾਈ ਦੀ ਅਗਲੇਰੀ ਸੰਭਾਵਨਾ ਤੇ ਵਿਚਾਰ ਕਰਨ ਲਈ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਭਾਗ ਲਿਆ।

ਜੇਲ੍ਹਾਂ ਦੀ ਤਰਫ਼ ਤੋਂ ਨੋਡਲ ਅਫ਼ਸਰ ਅਪੇਕਸ਼ਾ ਸ਼ਰਮਾ ਨੇ ਮੀਟਿੰਗ ਵਿੱਚ ਭਾਗ ਲਿਆ ਅਤੇ ਜੇਲ੍ਹ ਸਮੱਸਿਆਂਵਾਂ ਤੋਂ ਜਾਣੂ ਕਰਵਾਇਆ। ਇਸ ਮੀਟਿੰਗ ਵਿੱਚ ਡੀ ਆਈ ਜੀ ਸਾਹਿਬ ਨੇ ਵੱਧ ਤੋਂ ਵੱਧ ਜੇਲ੍ਹ ਕੈਦੀਆਂ ਨੂੰ ਇਨਰੋਲ ਕਰਨ ਲਈ ਜੇਲ੍ਹਾਂ ਵਿੱਚ ਜਾ ਕੇ ਕੈਦੀਆਂ ਨੂੰ ਮੋਟੀਵੇਟ ਕਰਨ ਦਾ ਸੁਝਾਅ ਦਿੱਤਾ ਤਾਂ ਕਿ ਇਹਨਾਂ ਸੰਭਾਵਨਾਵਾਂ ਭਰਪੂਰ ਕੈਦੀਆਂ ਨੂੰ ਮੇਨ ਸਟਰੀਮ ਵਿੱਚ ਲਿਆਂਦਾ ਜਾ ਸਕੇ।

ਡਾਇਰੈਕਟਰ
ਲੋਕ ਸੰਪਰਕ

Director-Public Relations Cell
Jagat Guru Nanak Dev
Punjab State Open University
Patiala – 147001(PB) INDIA

News Clips

# ਓਪਨ ਯੂਨੀਵਰਸਿਟੀ ਕੈਦੀਆਂ ਨੂੰ ਦਿੰਦੀ ਹੈ ਨੈਤਿਕ ਸਿੱਖਿਆ : ਖਹਿਰਾ

## 'ਸਿੱਖਿਆ ਦਾਤ' ਸਕੀਮ ਦਾ ਮੁੱਖ ਉਦੇਸ਼ ਕੈਦੀਆਂ ਨੂੰ ਵਧੀਆ ਭਵਿੱਖ ਦੇਣਾ

**ਪੱਤਰ ਪ੍ਰੇਰਕ, ਪੰਜਾਬੀ ਜਾਗਰਣ • ਪਟਿਆਲਾ** ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਕੇ ਕੇ ਜਾਦਵ (ਆਈਏਐਸ) ਦੀ ਅਗਵਾਈ ਹੇਠ ਅਰੁਨਪਾਲ ਸਿੰਘ (ਆਈਪੀਐਸ) ਐਡੀਸ਼ਨਲ ਡਾਇਰੈਕਟਰ ਜਨਰਲ (ਜੇਲ੍ਹਾਂ), ਪੰਜਾਬ ਅਤੇ ਸੁਰਿੰਦਰ ਸਿੰਘ ਸੈਣੀ ਡੀਆਈਜੀ ਜੇਲ੍ਹਾਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦਾ ਮਕਸਦ ਜੇਲ੍ਹ ਕੈਦੀਆਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨਾ ਹੈ। ਪ੍ਰੋ (ਡਾ) ਬਲਜੀਤ ਸਿੰਘ ਖਹਿਰਾ ਰਜਿਸਟਰਾਰ ਨੇ ਕਿਹਾ ਕਿ ਯੂਨੀਵਰਸਿਟੀ ਜੇਲ੍ਹ ਕੈਦੀਆਂ ਲਈ ਸਿੱਖਿਆ ਦਾਤ ਸਕੀਮ ਦੇ ਤਹਿਤ ਹੁਨਰ ਵਿਕਾਸ, ਰੁਜ਼ਗਾਰ ਮੁਖੀ ਤੇ ਨੈਤਿਕ ਸਿੱਖਿਆ ਮੁਹੱਈਆ ਕਰਵਾਉਂਦੀ ਹੈ। ਸਿੱਖਿਆ ਦਾਤ ਸਕੀਮ ਪ੍ਰੋ (ਡਾ) ਕਰਮਜੀਤ ਸਿੰਘ, ਫਾਊਂਡਰ ਵਾਈਸ ਚਾਂਸਲਰ ਵੱਲੋਂ ਸ਼ੁਰੂ ਕੀਤਾ ਗਈ, ਜਿਸਦਾ ਉਦੇਸ਼ ਕੈਦੀਆਂ ਨੂੰ ਵਿਦਿਆ ਦੁਆਰਾ ਇਕ ਵਧੀਆ ਭਵਿੱਖ ਪ੍ਰਦਾਨ ਕਰਨਾ ਹੈ। ਡਾ ਧਰਮਿੰਦਰ ਸਿੰਘ ਨੋਡਲ ਅਫ਼ਸਰ ਨੇ ਯੂਨੀਵਰਸਿਟੀ ਵਿਚ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਤਕਨਾਲੋਜੀ ਰਾਹੀ ਹੁਨਰ ਵਿਕਸਤ, ਰੋਜ਼ਗਾਰ ਕੇਂਦਰਤ ਸਿੱਖਿਆ, ਨੈਤਿਕ ਸੰਕਲਪਾਂ ਰਾਹੀ ਸਿਹਤਮੰਦ ਸ਼ਖ਼ਸੀਅਤ ਪੈਦਾ ਕਰਨਾ ਯੂਨੀਵਰਸਿਟੀ ਦਾ ਮੁੱਖ ਉਦੇਸ਼ ਹੈ। ਡਾ ਸੈਫਾਲੀ ਬੇਦੀ ਨੇ ਜੇਲ੍ਹਾਂ ਵਿਚ ਬੰਦ ਔਰਤਾਂ ਦੀਆਂ ਸਮੱਸਿਆਵਾਂ ਤੇ ਪੜ੍ਹਾਈ ਦੀ ਅਗਲੇਰੀ ਸੰਭਾਵਨਾ ਤੇ ਵਿਚਾਰ ਕਰਨ ਲਈ ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਭਾਗ ਲਿਆ। ਜੇਲ੍ਹਾਂ ਦੀ ਤਰਫ਼ ਤੋਂ ਨੋਡਲ ਅਫ਼ਸਰ ਅਪੇਕਸ਼ਾ ਸ਼ਰਮਾ ਨੇ ਮੀਟਿੰਗ ਵਿਚ ਭਾਗ ਲਿਆ ਅਤੇ ਜੇਲ੍ਹ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਮੀਟਿੰਗ ਵਿਚ ਡੀਆਈਜੀ ਨੇ ਵੱਧ ਤੋਂ ਵੱਧ ਜੇਲ੍ਹ ਕੈਦੀਆਂ ਨੂੰ ਇਨਰੋਲ ਕਰਨ ਲਈ ਜੇਲ੍ਹਾਂ ਵਿਚ ਜਾ ਕੇ ਕੈਦੀਆਂ ਨੂੰ ਮੋਟੀਵੇਟ ਕਰਨ ਦਾ ਸੁਝਾਅ ਦਿੱਤਾ ਤਾਂ ਕਿ ਇਨ੍ਹਾਂ ਸੰਭਾਵਨਾਵਾਂ ਭਰਪੂਰ ਕੈਦੀਆਂ ਨੂੰ ਮੇਨ ਸਟਰੀਮ ਵਿਚ ਲਿਆਂਦਾ ਜਾ ਸਕੇ।



ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਅਧਿਕਾਰੀ ਜੇਲ੍ਹ ਅਧਿਕਾਰੀਆਂ ਨਾਲ ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ। ਪੰਜਾਬੀ ਜਾਗਰਣ

## Photos



## Links

https://www.instagram.com/share/p/_eyaUJald

https://www.instagram.com/share/p/BAVz6HRHCH

https://www.facebook.com/share/p/19ASo4Wpiu/

https://www.facebook.com/share/p/12Ggw3mSrwR/